ਵੱਲੋ

ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ, ਚੰਡੀਗੜ੍ਹ।

ਸੇਵਾ ਵਿਚ

1 ਸਮੂਹ ਡਿਪਟੀ ਡਾਇਰੈਕਟਰ (ਫੀਲਡ),
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ,
ਪੰਜਾਬ ਰਾਜ ਵਿਚ।

2 ਸਮੂਹ ਜ਼ਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ,
ਪੰਜਾਬ ਰਾਜ ਵਿਚ।

ਮੀਮੋ ਨੰਬਰ ਐਸ.ਏ.(ਬਜਟ/ਫੰਡ)-ਬੀ.ਜੀ.-1(234)-2017/81
ਮਿਤੀ ਚੰਡੀਗੜ੍ਹ : 28.02.2017

ਵਿਸ਼ਾ :- **ਖੁਰਾਕ ਜਿਨਸਾਂ ਦੀ ਸਟੋਰੇਜ਼ ਕੇਂਦਰਾਂ ਲਈ ਲੇਬਰ/ਕਾਰਟੇਜ਼ ਅਤੇ ਪੀ.ਈ.ਜੀ. ਗੁਦਾਮਾਂ ਲਈ ਲੇਬਰ ਸਬੰਧਤ ਠੇਕਾ ਪੂਰਤੀ ਸਾਲ 2017-18.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਾਲ 2017-18 ਲਈ ਖੁਰਾਕ ਜਿਨਸਾਂ ਦੀ ਸਟੋਰੇਜ਼ ਕੇਂਦਰਾਂ ਲਈ ਲੇਬਰ/ਕਾਰਟੇਜ਼ ਅਤੇ ਪੀ.ਈ.ਜੀ. ਗੁਦਾਮਾਂ ਲਈ ਲੇਬਰ ਸਬੰਧਤ ਠੇਕਾ ਪੂਰਤੀ ਲਈ ਪਾਲਿਸੀ ਗਾਈਡ ਲਾਈਨਜ਼/ਹਦਾਇਤਾਂ ਹੇਠ ਦਰਸਾਏ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ:-

1. ਟੈਂਡਰ ਪ੍ਰਕਿਰਿਆ ਈ-ਟੈਂਡਰਿੰਗ ਰਾਂਹੀ ਮੁਕੰਮਲ ਕੀਤੀ ਜਾਵੇਗੀ।
2. ਜਿਨਸਾਂ ਦੀ ਲੋਡਿੰਗ ਦਾ ਕੰਮ ਪੰਜਾਬ ਮੰਡੀ ਬੋਰਡ ਵੱਲੋਂ ਨਿਰਧਾਰਿਤ ਰੇਟਾਂ ਤੇ ਆੜ੍ਹਤੀਆਂ ਵੱਲੋ ਕੀਤਾ ਜਾਵੇਗਾ।
3. ਟੈਂਡਰਾਂ ਦੀ ਅਲਾਟਮੈਂਟ, ਟੈਂਡਰ ਅਲਾਟਮੈਂਟ ਕਮੇਟੀ ਦੁਆਰਾ ਕੀਤੀ ਜਾਵੇਗੀ, ਜਿਸਦੇ ਮੁੱਖੀ ਡਿਪਟੀ ਡਾਇਰੈਕਟਰ (ਫੀਲਡ) ਹੋਣਗੇ ਅਤੇ ਸਾਰੀਆਂ ਖਰੀਦ ਏਜੰਸੀਆਂ (ਸਮੇਤ ਐਫ.ਸੀ.ਆਈ.) ਦੇ ਜਿਲਾ ਅਧਿਕਾਰੀ ਇਸ ਕਮੇਟੀ ਦੇ ਮੈਬਰ ਹੋਣਗੇ। ਟੈਂਡਰ ਅਲਾਟਮੈਂਟ ਕਮੇਟੀ ਦਾ ਕਨਵੀਨਰ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ਼ ਹੋਵੇਗਾ। ਜ਼ਿਲ੍ਹਾ ਪ੍ਰਸ਼ਾਸ਼ਨ ਦੀ ਨੁਮਾਇੰਨਦਗੀ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੁਆਰਾ ਇਕ ਅਧਿਕਾਰੀ ਨੂੰ ਬਤੌਰ ਕਮੇਟੀ ਮੈਬਰ ਨਾਮਜੱਦ ਕੀਤਾ ਜਾਵੇਗਾ।
4. ਸਟੋਰੇਜ ਕੇਂਦਰਾਂ ਅਤੇ ਪੀ.ਈ.ਜੀ. ਗੁਦਾਮਾਂ ਦੇ ਲੇਬਰ ਅਤੇ ਕਾਰਟੇਜ ਦੇ ਕੰਮ ਲਈ ਟੈਂਡਰ ਮਿਤੀ 01-04-2017 ਤੋਂ 31-03-2018 ਤੱਕ ਦੇ ਸਮੇਂ ਲਈ ਲਏ ਜਾਣਗੇ।
5. ਐਫ.ਸੀ.ਆਈ. ਸਮੇਤ ਸਾਰੀਆਂ ਖਰੀਦ ਏਜੰਸੀਆਂ ਦੇ ਟੈਂਡਰ ਪੰਜਾਬ ਸਰਕਾਰ ਦੇ ਬਿਹਾਫ ਤੇ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ ਦੇ ਨਾਮ ਤੇ ਸੰਬੋਧਿਤ ਹੋਣਗੇ।
6. ਜ਼ਿਲ੍ਹਾ ਟੈਂਡਰ ਅਲਾਟਮੈਂਟ ਕਮੇਟੀ ਵੱਲੋ ਅਗੇਤੀ ਮੀਟਿੰਗ ਕਰਦੇ ਹੋਏ ਰੱਬੀ ਸੀਜਨ ਦੌਰਾਨ ਕਣਕ ਦੀ ਸਟੋਰੇਜ ਲਈ ਮੰਡੀਆਂ ਤੋ ਲਿੰਕ ਕੀਤੇ ਗਏ ਪਲਿੰਥਾਂ/ਕਵਰਡ ਗੁਦਾਮ ਅਤੇ ਖਰੀਫ ਸੀਜਨ ਦੌਰਾਨ ਮੰਡੀਆਂ ਤੋ ਲਿੰਕ ਕੀਤੇ ਸ਼ੈਲਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਟੋਰੇਜ ਕੇਂਦਰ ਵਾਈਜ ਅਤੇ ਏਜੰਸੀਵਾਈਜ਼ ਲੇਬਰ ਅਤੇ ਕਾਰਟੇਜ਼ ਦੇ ਕਾਲ ਕੀਤੇ ਜਾਣ ਵਾਲੇ ਟੈਂਡਰਾਂ ਦੀ ਸੂਚੀ ਬਣਾਈ ਜਾਵੇਗੀ।
7. ਹਰੇਕ ਸਟੋਰੇਜ ਕੇਂਦਰ ਦੇ ਟੈਂਡਰ ਏਜੰਸੀਵਾਈਜ਼ ਲਏ ਜਾਣਗੇ ਭਾਵ ਇੱਕ ਸਟੋਰੇਜ ਸੈਂਟਰ ਵਿੱਚ ਹਰ ਏਜੰਸੀ ਦੇ ਪੈਂਦੇ ਸਮੂਹ ਸਟੋਰੇਜ ਪੁਆਇੰਟਾਂ (ਓਪਨ ਪਲਿੰਥਾਂ ਅਤੇ ਕਵਰਡ ਗੁਦਾਮਾਂ) ਨੂੰ ਇੱਕ ਕਲੱਸਟਰ ਮੰਨਦੇ ਹੋਏ, ਏਜੰਸੀਵਾਈਜ਼ ਲੇਬਰ ਅਤੇ ਕਾਰਟੇਜ (0 ਤੋ 8ਕਿਲੋਮੀਟਰ ਤੱਕ ਦੀ

ਢੋਆ-ਢੁਆਈ) ਦੇ ਇਕੱਠੇ ਟੈਂਡਰ ਲਏ ਜਾਣਗੇ। ਮੌਕੇ ਦੇ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਟੈਂਡਰ ਅਲਾਟਮੈਂਟ ਕਮੇਟੀ ਵੱਲੋਂ ਕੀਤੀ ਗਈ ਅਗੇਤੀ ਮੀਟਿੰਗ ਦੀ ਕਾਰਵਾਈ ਦੇ ਸਨਮੁੱਖ ਸਬੰਧਤ ਡਿਪਟੀ ਡਾਇਰੈਕਟਰ (ਫੀਲਡ) ਦੀ ਪ੍ਰਵਾਨਗੀ ਉਪਰੰਤ ਲੇਬਰ ਅਤੇ ਕਾਰਟੇਜ਼ ਦੇ ਕੰਮ ਲਈ ਵੱਖਰੇ ਵੱਖਰੇ ਟੈਂਡਰ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਜਿਹੜੇ-ਜਿਹੜੇ ਸਟੋਰੇਜ ਕੇਂਦਰਾਂ ਲਈ ਲੇਬਰ ਅਤੇ ਕਾਰਟੇਜ ਦੇ ਟੈਂਡਰ ਵੱਖਰੇ-ਵੱਖਰੇ ਲਏ ਜਾਣਗੇ ਉਹਨਾਂ ਕੇਂਦਰਾਂ ਵਿੱਚ ਕਾਰਟੇਜ ਦੇ ਟੈਂਡਰ ਦੀ ਯੋਗਤਾ ਲਈ ਸਬੰਧਤ ਸਟੋਰੇਜ ਕੇਂਦਰ ਨੂੰ ਇਕ ਕਲਸਟਰ ਮੰਨਦੇ ਹੋਏ ਢੋਆ-ਢੁਆਈ ਪਾਲਿਸੀ ਤਹਿਤ ਜਾਰੀ ਕੀਤੀਆਂ ਸ਼ਰਤਾਂ ਲਾਗੂ ਹੋਣਗੀਆਂ ਅਤੇ ਉਨ੍ਹਾਂ ਕੇਂਦਰਾਂ ਤੇ ਲੇਬਰ ਦੇ ਕੰਮ/ਪੀ.ਈ.ਜੀ. ਗੁਦਾਮਾਂ ਲਈ ਟੈਂਡਰਕਾਰ ਪਾਸ ਸਟੋਰੇਜ਼ ਕੇਂਦਰ/ਪੀ.ਈ.ਜੀ.ਗੁਦਾਮਾਂਦੀ ਕਪੈਸਿਟੀ ਦੇ ਬਰਾਬਰ ਲੇਬਰ ਦੇ ਕੰਮ ਦਾ ਘੱਟੋ ਘੱਟ ਇੱਕ ਸਾਲ ਦਾ ਤਜਰਬਾ ਹੋਣਾ ਲਾਜ਼ਮੀ ਹੋਵੇਗਾ।ਮੰਗੇ ਜਾਣ ਵਾਲੇ ਸਾਰੇ ਟੈਂਡਰਾਂ ਦਾ ਵੇਰਵਾ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ ਵਿਭਾਗ ਦੇ ਦਫਤਰ ਦੇ ਨੋਟਿਸ ਬੋਰਡ ਅਤੇ ਵਿਭਾਗ ਦੀ ਵੈਬਸਾਈਟ www.foodsuppb.nic.inਤੇ ਡਿਸਪਲੇਅ ਕੀਤਾ ਜਾਵੇਗਾ।

8. ਪੀ.ਈ.ਜੀ. ਗੁਦਾਮਾਂ ਦੇ ਲੇਬਰ ਦੇ ਕੰਮ ਲਈ ਹਰੇਕ ਪੀ.ਈ.ਜੀ. ਗੁਦਾਮ ਦੇ ਵੱਖੋ-ਵੱਖਰੇ ਟੈਂਡਰ ਲਏ ਜਾਣਗੇ।

9. ਲੇਬਰ, ਕਾਰਟੇਜ਼ ਅਤੇ ਪੀ.ਈ.ਜੀ. ਗੁਦਾਮਾਂ ਦੇ ਟੈਂਡਰ ਲੈਣ ਲਈ ਪ੍ਰੈਸ ਰਾਂਹੀ ਵਿਗਿਆਪਨ ਦਿੱਤੇ ਜਾਣਗੇ ਤਾਂ ਜੋ ਹਰ ਟੈਂਡਰਕਾਰ ਨੂੰ ਸੂਚਨਾ ਮਿਲ ਸਕੇ।

10. ਐਫ.ਸੀ.ਆਈ. ਸਮੇਤ ਸਾਰੀਆਂ ਖਰੀਦ ਏਜੰਸੀਆਂ ਦੇ ਟੈਂਡਰ ਭਰਨ ਲਈ ਟੈਂਡਰ ਫਾਰਮ ਦੀ ਕੀਮਤ 500/- ਰੁ: ਪ੍ਰਤੀ ਸਟੋਰੇਜ ਕੇਂਦਰ/ਪੀ.ਈ.ਜੀ. ਗੁਦਾਮ ਹੋਵੇਗੀ। ਟੈਂਡਰ ਫਾਰਮ ਦੀ ਕੀਮਤ ਦੀ ਅਦਾਇਗੀ ਈਟੈਂਡਰ ਪੋਰਟਲ ਤੇ ਪੇਮੈਂਟ ਗੇਟਵੇਅ (payment gateway)ਰਾਂਹੀ ਆਨ ਲਾਈਨ ਵਿਧੀਅਪਣਾਉਂਦੇ ਹੋਏ ਕੀਤੀ ਜਾਵੇਗੀ, ਜੋ ਕਿ ਸਬੰਧਤ ਜਿਲ੍ਹਾ ਮੈਨੇਜ਼ਰ ਪਨਗਰੇਨ ਦੇ ਖਾਤੇ ਵਿੱਚ ਜਮ੍ਹਾਂ ਹੋਵੇਗੀ।ਟੈਕਨੀਕਲ ਕੁਆਲੀਫਿਕੇਸ਼ਨ ਦੌਰਾਨਜਮ੍ਹਾਂ ਕਰਵਾਈ ਗਈ ਰਾਸ਼ੀ ਸਬੰਧੀ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ ਦੇ ਦਫਤਰ ਵੱਲੋਂ ਬੈਂਕ ਸਟੇਟਮੈਂਟ ਪ੍ਰਾਪਤ ਕਰਦੇ ਹੋਏ ਜਮ੍ਹਾਂ ਹੋਈ ਰਾਸ਼ੀ ਦਾ ਮਿਲਾਨ ਕੀਤਾ ਜਾਵੇਗਾ। ਬਿਆਨਾ ਰਕਮ ਜਮ੍ਹਾਂ ਕਰਵਾਉਣ ਹਿੱਤ ਵੀ ਇਹੀ ਵਿਧੀ ਅਪਣਾਈ ਜਾਵੇਗੀ।

11. ਟੈਂਡਰਕਾਰ ਨੂੰ ਲੇਬਰ ਅਤੇ ਕਾਰਟੇਜ ਦੇ ਕੰਮ ਲਈ ਮੰਡੀ ਪ੍ਰੋਫਾਰਮੇ (ਪੀ.ਆਰ.66) ਦੇ ਨਿਸ਼ਚਿਤ ਰੇਟਾਂ ਦੇ ਆਧਾਰ ਤੇ ਟੈਂਡਰ ਭਰਨੇ ਹੋਣਗੇ। ਟੈਂਡਰ ਅਲਾਟਮੈਂਟ ਕਮੇਟੀ ਦੁਆਰਾ ਸਭ ਤੋਂ ਘੱਟ ਪ੍ਰਾਪਤ ਹੋਏ ਰੇਟ ਭਾਵ (ਐਲ-1) ਨਾਲ ਹੀ ਨੈਗੋਸ਼ੀਏਸ਼ਨ ਕੀਤੀ ਜਾਵੇਗੀ। ਜੇਕਰ ਪਹਿਲੀ ਵਾਰ ਇੱਕ ਹੀ ਟੈਂਡਰਕਾਰ ਵੱਲੋਂ ਟੈਂਡਰ ਪਾਇਆ ਜਾਂਦਾ ਹੈ ਤਾਂ ਟੈਂਡਰ ਦੁਬਾਰਾ ਮੰਗੇ ਜਾਣਗੇ। ਜੇਕਰ ਦੁਬਾਰਾ ਮੰਗਣ ਤੇ ਵੀ ਇੱਕ ਹੀ ਟੈਂਡਰਕਾਰ ਵੱਲੋਂ ਟੈਂਡਰ ਪਾਇਆ ਜਾਂਦਾ ਹੈ ਅਤੇ ਉਸ ਵੱਲੋਂ ਨੈਗੋਸ਼ੀਏਸ਼ਨ ਸਮੇ ਮੰਡੀ ਪ੍ਰੋਫਾਰਮੇ ਅਨੁਸਾਰ ਨਿਸ਼ਚਿਤ ਬੇਸਿਕ ਰੇਟ ਤੱਕ ਦੀ ਸਹਿਮਤੀ ਨਹੀ ਦਿੱਤੀ ਜਾਂਦੀ ਅਤੇ ਟੈਂਡਰ ਫਾਈਨਲ ਨਹੀ ਹੁੰਦੇ ਤਾਂ ਜਿਲਾ ਟੈਂਡਰ ਕਮੇਟੀ ਨੂੰ ਨੈਗੋਸ਼ੀਏਸ਼ਨ ਦੇ ਪੂਰੇ ਉਪਰਾਲੇ ਕਰਦੇ ਹੋਏ ਬੇਸਿਕ ਰੇਟਾਂ ਤੇ ਘੱਟ ਤੋ ਘੱਟ ਵਾਧਾ ਦਿੰਦੇ ਹੋਏ ਟੈਂਡਰ ਮੰਨਜੂਰ ਕਰਨ ਦਾ ਅਧਿਕਾਰ ਹੋਵੇਗਾ ਜਿਸ ਦੀ ਵਿਸਥਾਰ ਪੂਰਵਕ ਜਸਟੀਫਿਕੇਸ਼ਨ ਰਿਪੋਰਟ ਮੁੱਖ ਦਫਤਰ ਭੇਜੀ ਜਾਵੇਗੀ। ਜੇਕਰ ਇੱਕ ਹੀ ਸਟੋਰੇਜ਼ ਕੇਂਦਰ ਤੇ ਵੱਖ ਵੱਖ ਏਜੰਸੀਆਂ ਦੇ ਵੱਖੋ ਵੱਖਰੇ ਰੇਟ ਪ੍ਰਾਪਤ ਹੁੰਦੇ ਹਨ ਤਾਂ ਸਭ ਤੋਂ ਘੱਟ ਕੋਟ ਕੀਤੇ ਰੇਟ ਤੇ ਹੀ ਬਾਕੀ ਟੈਂਡਰਕਾਰਾਂ ਨੂੰ ਕੰਮ ਆਫਰ ਕੀਤਾ ਜਾਵੇਗਾ। ਜੇਕਰ ਕਿਸੇ ਸਟੋਰੇਜ ਕੇਂਦਰ ਤੇ ਕਿਸੇ ਇੱਕ ਖਰੀਦ ਏਜੰਸੀ ਲਈ ਟੈਂਡਰ ਫਾਈਨਲ ਹੋ ਜਾਂਦੇ ਹਨ ਅਤੇ ਉਸੇ ਰੇਟ ਤੇ ਬਾਕੀ ਏਜੰਸੀਆਂ ਦੇ ਐਲ-1 ਟੈਂਡਰਕਾਰਾਂ ਵਲੋਂ ਕੰਮ ਕਰਨ ਦੀ ਸਹਿਮਤੀ ਨਹੀ ਦਿੱਤੀ ਜਾਂਦੀ ਤਾਂ ਜ਼ਿਲ੍ਹਾ ਟੈਂਡਰ ਕਮੇਟੀ ਇੱਕ ਏਜੰਸੀ ਦੇ ਫਾਈਨਲ

ਕੀਤੇ ਰੇਟ ਤੇ ਹੀ ਬਾਕੀ ਏਜੰਸੀਆਂ ਦਾ ਕੰਮ ਉਸੇ ਠੇਕੇਦਾਰ ਨੂੰ ਉਸ ਦੀ ਸਹਿਮਤੀ ਤੇ ਅਲਾਟ ਕਰ ਸਕਦੀ ਹੈ।

12 (ੳ) ਬਿਆਨਾ ਅਤੇ ਜਮਾਨਤੀ ਰਕਮਾਂ ਸਟੋਰੇਜ ਕੇਦਰਾਂ ਅਤੇ ਪੀ.ਈ.ਜੀ. ਗੁਦਾਮਾਂ ਦੀ ਸਟੋਰੇਜ ਕਪੈਸਟੀ ਦੇ ਆਧਾਰ ਤੇ ਕਲਾਜ ਨੰਬਰ-15 ਅਨੁਸਾਰ ਨਿਸ਼ਚਿਤ ਕੀਤੀਆ ਜਾਣਗੀਆਂ। ਜਿਥੇ ਲੇਬਰ ਅਤੇ ਕਾਰਟੇਜ਼ ਦੇ ਇਕੱਠੇ ਟੈਂਡਰ ਮੰਗੇ/ਭਰੇ ਜਾਣਗੇ, ਟੈਂਡਰਕਾਰ ਪਾਸ ਸਟੋਰੇਜ ਕੇਦਰ ਦੀ ਕਪੈਸਟੀ ਦੇ ਬਰਾਬਰ ਸਟੋਰੇਜ ਪੁਆਇੰਟਾਂ ਉਤੇ ਫੂਡ ਗਰੇਨਜ ਦੇ ਲੇਬਰ ਅਤੇ ਕਾਰਟੇਜ਼ ਦੇ ਕੰਮ ਦਾ ਘੱਟੋ ਘੱਟ ਇੱਕ ਸਾਲ ਦਾ ਤਜਰਬਾ ਹੋਣਾ ਲਾਜ਼ਮੀ ਹੋਵੇਗਾ। ਇਸ ਸਬੰਧੀ ਅਨੁਲਗ 'ੳ' ਅਨੁਸਾਰ ਸਬੰਧਤ ਅਦਾਰੇ ਦੇ ਜਿਲ੍ਹਾ ਮੁਖੀ ਦਾ ਤਸਦੀਕ ਸੁਦਾ ਸਰਟੀਫਿਕੇਟ ਟੈਂਡਰ ਪਾਉਣ ਸਮੇ ਅਪਲੋਡ ਕਰਨਾ ਲਾਜ਼ਮੀ ਹੋਵੇਗਾ।

(ਅ) ਜੇਕਰ ਕਿਸੇ ਸਟੋਰੇਜ ਕੇਦਰ ਤੇ ਰੇਲ ਹੈਡੱ ਵੀ ਲੱਗਦਾ ਹੈ ਤਾਂ ਰੇਲ ਹੈਡੱ ਤੇ ਗੱਠਾਂ ਦੀ ਅਣਲੋਡਿੰਗ ਅਤੇ ਲੋਡਿੰਗ ਦੀ ਜਿੰਮੇਵਾਰੀ ਵੀ ਉਸੇ ਠੇਕੇਦਾਰ ਦੀ ਹੋਵੇਗੀ।

(ੲ) ਜੇਕਰ ਸਾਲ ਦੌਰਾਨ ਸਟੋਰੇਜ ਕੇਦਰ ਵਿਚ ਕੋਈ ਨਵਾਂ ਸਟੋਰੇਜ ਪੁਆਇੰਟ ਲਗਾਇਆ ਜਾਂ ਬਣਾਇਆ ਜਾਂਦਾ ਹੈ ਤਾਂ ਉਸ ਵਿਚ ਲੇਬਰ/ਕਾਰਟੇਜ਼ ਦੇ ਕੰਮ ਕਰਨ ਦੀ ਜਿਮੇਵਾਰੀ ਸਬੰਧਤ ਠੇਕੇਦਾਰ ਹੀ ਹੋਵੇਗੀ ਅਤੇ ਉਸ ਦੀ ਬਣਦੀ ਜਮਾਨਤੀ ਰਕਮ ਸਬੰਧਤ ਏਜੰਸੀ ਪਾਸ ਜਮਾਂ ਕਰਵਾਉਣੀ ਹੋਵੇਗੀ।

13. ਕੋਈ ਵੀ ਟੈਂਡਰ, ਟੈਂਡਰਕਾਰ ਤੋ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਟਰਾਂਸਫਰ ਨਹੀ ਕੀਤਾ ਜਾਵੇਗਾ। ਜਿਨ੍ਹਾ ਲੇਬਰ ਠੇਕੇਦਾਰਾਂ ਨੂੰ ਪਹਿਲਾ ਕਿਸੇ ਕਾਰਨ ਬਲੈਕ ਲਿਸਟ ਘੋਸ਼ਿਤ ਕੀਤਾ ਗਿਆ ਹੋਵੇ ਤਾਂ ਬਲੈਕ ਲਿਸਟ ਹੋਏ ਲੇਬਰ ਠੇਕੇਦਾਰ ਨੂੰ ਟੈਂਡਰ ਪਾਉਣ ਦਾ ਅਧਿਕਾਰ ਨਹੀ ਹੋਵੇਗਾ। ਜੇਕਰ ਕਿਸੇ ਕਾਰਨ ਬਲੈਕ ਲਿਸਟ ਹੋਏ ਲੇਬਰ ਠੇਕੇਦਾਰ ਵੱਲੋ ਟੈਂਡਰ ਪਾਇਆ ਜਾਂਦਾ ਹੈ ਤਾਂ ਪਤਾ ਲੱਗਣ ਤੇ ਉਸਦਾ ਟੈਂਡਰ ਰੱਦ ਕਰ ਦਿੱਤਾ ਜਾਵੇਗਾ। ਬਲੈਕ ਲਿਸਟਿਡ ਠੇਕੇਦਾਰਾਂ ਨੂੰ ਬਹਾਲ ਕਰਨ ਸਬੰਧੀ ਕਾਰਵਾਈ ਖੁਰਾਕ ਤੇ ਸਪਲਾਈਜ ਵਿਭਾਗ ਦੇ ਪੱਤਰ ਨੰ: ਐਸ.ਏ.(ਬ.ਫ)/ਬੀ.ਜੀ.15/934, ਮਿਤੀ 03-12-2014 ਰਾਂਹੀ ਜਾਰੀ ਕੀਤੀਆਂ ਪਾਲਿਸੀ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ।

14. ਨਿਰਧਾਰਤ ਮਿਤੀ ਅਤੇ ਸਮੇ ਤੱਕ ਪ੍ਰਾਪਤ ਕੀਤੇ ਗਏ ਟੈਂਡਰ, ਕਮੇਟੀ ਮੈਂਬਰਾਂ ਦੀ ਹਾਜ਼ਰੀ ਵਿੱਚ ਅਤੇ ਟੈਂਡਰਕਾਰ ਜੋ ਵੀ ਹਾਜਰ ਹੋਣਾ ਚਾਹੁੰਦੇ ਹੋਣ, ਦੀ ਹਾਜਰੀ ਵਿੱਚ ਨਿਰਧਾਰਤ ਮਿਤੀ ਅਤੇ ਸਮੇ ਤੇ ਖੋਲੇ ਜਾਣਗੇ। ਕੰਡੀਸ਼ਨਲ ਟੈਂਡਰ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

15. ਬਿਆਨਾ ਰਕਮ ਅਤੇ ਜਮ੍ਹਾਂਨਤੀ ਰਕਮ ਜਮ੍ਹਾ ਕਰਵਾਉਣ ਦੀ ਵਿਧੀ:-

ਬਿਆਨਾ ਰਕਮ ਅਤੇ ਜਮਾਂਨਤੀ ਰਕਮ ਹੇਠ ਅਨੁਸਾਰ ਨਿਰਧਾਰਤ ਦਰਾਂ ਤੇ ਪ੍ਰਾਪਤ ਕੀਤੀ ਜਾਵੇਗੀ। ਬਿਆਨਾ ਰਕਮ ਆਨ ਲਾਈਨ ਵਿਧੀ ਰਾਂਹੀ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ ਵੱਲੋ ਜਿਲ੍ਹਾ ਮੈਨੇਜ਼ਰ ਪਨਗਰੇਨ ਦੇ ਖਾਤੇ ਵਿੱਚ ਪ੍ਰਾਪਤ ਕੀਤੀ ਜਾਵੇਗੀ, ਜਦ ਕਿ ਜਮਾਨਤੀ ਰਕਮ ਸਫਲ ਟੈਂਡਰਕਾਰ ਦੁਆਰਾ ਡਰਾਫਟ ਰਾਂਹੀ ਸਬੰਧਤ ਖਰੀਦ ਏਜੰਸੀ ਦੇ ਮੁੱਖੀ ਨੂੰ ਅਦਾਇਗੀ ਯੋਗ ਹੋਵੇਗੀ। ਸਫਲ ਟੈਂਡਰਕਾਰ ਨੂੰ ਨਿਰਧਾਰਤ ਜਮਾਨਤੀ ਰਕਮ ਬਿਆਨਾ ਰਕਮ ਘਟਾ ਕੇ ਜਮਾਂ ਕਰਵਾਉਣੀ ਹੋਵੇਗੀ ਭਾਵ ਬਿਆਨਾ ਰਕਮ ਜਮਾਨਤੀ ਰਕਮ ਵਿੱਚ ਐਡਜਸਟ ਕੀਤੀ ਜਾਵੇਗੀ। ਬਿਆਨਾ ਰਕਮ ਵਿਚੋ ਏਜੰਸੀ ਵਾਈਜ ਅਡਜ਼ਸਟ ਕਰਨ ਯੋਗ ਬਣਦੀ ਜਮਾਨਤੀ ਰਕਮ ਸਬੰਧਤ ਜਿਲਾ ਖੁਰਾਕ ਤੇ ਸਪਲਾਈਜ ਕੰਟਰੋਲਰ ਦੁਆਰਾ ਸਬੰਧਤ ਖਰੀਦ ਏਜੰਸੀ ਦੇ ਮੁਖੀ ਨੂੰ ਅਦਾਇਗੀ ਯੋਗ ਹੋਵੇਗੀ। ਨਾ-ਕਾਮਯਾਬ ਟੈਂਡਰਕਾਰਾਂ ਦੀ ਬਿਆਨਾ ਰਕਮ ਵੱਧ ਤੋ ਵੱਧ 15 ਦਿਨਾਂ ਦੇ ਅੰਦਰ-ਅੰਦਰ ਟੈਂਡਰਕਾਰਾਂ ਦੇ ਨਾਮ ਤੇ ਅਕਾਉਟ ਪੇਈ ਚੈਕ/ਆਰ.ਟੀ.ਜੀ.ਐਸ.

ਰਾਂਹੀ ਜਿਲਾ ਪੱਧਰ ਤੇ ਹੀ ਵਾਪਿਸ ਕਰਨ ਯੋਗ ਹੋਵੇਗੀ। ਬਿਆਨਾ ਰਕਮ ਅਤੇ ਜਮਾਨਤੀ ਰਕਮ ਤੇ ਕਿਸੇ ਕਿਸਮ ਦਾ ਵਿਆਜ ਨਹੀ ਦਿੱਤਾ ਜਾਵੇਗਾ।

**ਬਿਆਨਾ ਅਤੇ ਜਮਾਨਤੀ ਰਕਮਾਂ ਦਾ ਵੇਰਵਾ:-**

| ਲੜੀ ਨੰ: | ਸਟੋਰੇਜ ਕੇਂਦਰਾਂ/ ਪੀ.ਈ.ਜੀ. ਗੁਦਾਮ ਦੀ ਸਮਰੱਥਾ | ਬਿਆਨਾ ਰਕਮ | ਜਮਾਂਨਤੀ ਰਕਮ |
|---|---|---|---|
| 1 | 2000 ਟਨ ਤੱਕ | 1000 | 2000 |
| 2 | 2001 ਟਨ ਤੋ 5000 ਟਨ ਤੱਕ | 3500 | 7000 |
| 3 | 5001 ਟਨ ਤੋ 10000 ਟਨ ਤੱਕ | 7500 | 15000 |
| 4 | 10001 ਟਨ ਤੋ 20000 ਟਨ ਤੱਕ | 15000 | 30000 |
| 5 | 20001 ਟਨ ਤੋ 30000 ਟਨ ਤੱਕ | 25000 | 50000 |
| 6 | 30001 ਟਨ ਤੋ 40000 ਟਨ ਤੱਕ | 35000 | 70000 |
| 7 | 40001 ਟਨ ਤੋ 50000 ਟਨ ਤੱਕ | 45000 | 90000 |
| 8 | 50001 ਟਨ ਤੋ 75000 ਟਨ ਤਕ | 60000 | 120000 |
| 9 | 75001 ਟਨ ਤੋ 100000 ਟਨ ਤੱਕ | 75000 | 150000 |
| 10 | 100001 ਤੋ ਉਪਰ | 100000 | 200000 |

16. ਲੇਬਰ ਅਤੇ ਕਾਰਟੇਜ਼ ਦੇ ਬਿੱਲਾਂ ਦੀ ਪੇਮੈਂਟ ਵਿੱਚੋ ਇੰਨਕਮ ਟੈਕਸ ਅਤੇ ਹੋਰ ਸਟੈਚੂਟਰੀ ਕਟੌਤੀਆਂ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤੀਆ ਜਾਣਗੀਆਂ।

17. ਟੈਡਰਾਂ ਨੂੰ ਖੋਲਣ ਸਮੇ ਚੇਅਰਮੈਨ ਅਤੇ ਟੈਡਰ ਅਲਾਟਮੈਂਟ ਕਮੇਟੀ ਦੇ ਮੈਂਬਰਾਂ ਦੁਆਰਾ ਟੈਂਡਰ ਫਾਰਮ ਉਤੇ ਹਸਤਾਖਰ ਕੀਤੇ ਜਾਣਗੇ । ਨੈਗੋਸ਼ੀਏਸ਼ਨ ਸਮੇ ਟੈਡਰਕਾਰ ਦਾ ਪੂਰਾ ਨਾਮ ਲਿਖਦੇ ਹੋਏ ਅਤੇ ਨੈਗੋਸ਼ੀਏਟਿਡ ਰੇਟ ਨੂੰ ਅੱਖਰਾਂ ਵਿੱਚ ਲਿਖਿਆ ਜਾਵੇਗਾ ਅਤੇ ਨੈਗੋਸ਼ੀਏਸ਼ਨ ਉਪਰੰਤ ਟੈਡਰਕਾਰ ਦੇ ਹਸਤਾਖਰ, ਚੇਅਰਮੈਨ ਅਤੇ ਟੈਡਰ ਅਲਾਟਮੈਂਟ ਕਮੇਟੀ ਦੇ ਮੈਂਬਰਾਂ ਦੁਆਰਾ ਟੈਂਡਰ ਫਾਰਮ ਉਤੇ ਮੁੜ ਹਸਤਾਖਰ ਕੀਤੇ ਜਾਣਗੇ। ਜੇਕਰ ਕੋਈ ਕਟਿੰਗ ਹੋਵੇ ਤਾਂ ਉਸਨੂੰ ਅਟੈਸਟ ਕਰਨਾ ਜਰੂਰੀ ਹੋਵੇਗਾ।

18. ਜੇਕਰ ਐਲ-1 ਟੈਂਡਰਕਾਰ ਟੈਂਡਰ ਪ੍ਰਵਾਨ ਹੋਣ ਤੋ ਬਾਅਦ ਕੰਮ ਕਰਨ ਤੋ ਇੰਨਕਾਰ ਕਰ ਦੇਵੇ ਤਾਂ ਉਸਦੀ ਬਿਆਨਾ ਰਕਮ ਜਬਤ ਕਰਦੇ ਹੋਏ ਉਸਨੂੰ ਬਲੈਕ ਲਿਸਟ ਘੋਸ਼ਿਤ ਕਰਨ ਉਪਰੰਤ ਐਲ-1 ਦੇ ਪ੍ਰਵਾਨਿਤ ਰੇਟ ਤੇ ਪਹਿਲਾ ਐਲ-2 ਅਤੇ ਉਸਦੀ ਇੰਨਕਾਰੀ ਦੀ ਸੂਰਤ ਵਿੱਚ ਐਲ-3 ਤੋ ਕੰਮ ਕਰਵਾਇਆ ਜਾ ਸਕਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਦੁਬਾਰਾ ਟੈਂਡਰ ਲਏ ਜਾਣਗੇ। ਜੇਕਰ ਦੁਬਾਰਾ ਟੈਂਡਰ ਮੰਗਣ ਤੇ ਵੀ ਕੋਈ ਟੈਂਡਰ ਪ੍ਰਵਾਨ ਜਾਂ ਫਾਈਨਲ ਨਹੀ ਹੁੰਦਾ ਤਾਂ ਏਜੰਸੀ ਨੂੰ ਦੂਸਰੇ ਸਾਧਨਾਂ ਜਾਂ ਆੜਤੀਆਂ ਪਾਸੋ ਬੇਸਿਕ ਰੇਟਾਂ ਤੇ ਕੰਮ ਕਰਵਾਉਣ ਦਾ ਅਧਿਕਾਰ ਹੋਵੇਗਾ।

19. ਜੇਕਰ ਕੋਈ ਸਫਲ ਟੈਡਰਕਾਰ ਕਿਸੇ ਸਟੋਰੇਜ ਕੇਂਦਰ ਅਤੇ ਪੀ.ਈ.ਜੀ. ਗੁਦਾਮਾਂ ਦੇ ਟੈਂਡਰ ਪ੍ਰਵਾਨ ਹੋਣ ਉਪਰੰਤ ਕੰਮ ਲਈ ਹਾਜਰ ਨਹੀ ਹੁੰਦਾ ਜਾਂ ਕੰਮ ਸੀਜਨ ਦੌਰਾਨ ਛੱਡਕੇ ਚਲਾ ਜਾਂਦਾ ਹੈ ਤਾਂ ਉਸਨੂੰ ਉਸਦੇ ਈ.ਮੇਲ ਆਈਡੀ/ਰਜਿਸਟਰਡ ਮੁਬਾਇਲ ਤੇ ਐਸ.ਐਮ.ਐਸ. ਰਾਂਹੀ ਇੱਕ ਦਿਨ ਦਾ ਵਜ੍ਹਾ ਬਿਆਨ ਨੋਟਿਸ ਦਿੰਦੇ ਹੋਏ, ਉਸ ਨੂੰ ਨਿਜੀ ਸੁਣਵਾਈ ਦਿਤੀ ਜਾਵੇਗੀ। ਜੇਕਰ ਨਿਜੀ ਸੁਣਵਾਈ ਦੋਰਾਨ ਪੇਸ਼ ਨਹੀ ਹੁੰਦਾ ਜਾਂ ਆਪਣਾ ਤਸੱਲੀਬਖਸ਼ਪੱਖ ਪੇਸ ਨਹੀ ਕਰਦਾ ਤਾਂ ਜਿਲਾ ਟੈਡਰ ਕਮੇਟੀ ਪਾਸ ਉਸਦੀ ਬਿਆਨਾ ਅਤੇ

ਜਮਾਂਨਤੀ ਰਕਮ ਜਬਤ ਕਰਦੇ ਹੋਏ ਉਸਨੂੰ ਬਲੈਕ ਲਿਸਟ ਕਰਨ ਅਤੇ ਉਸ ਦੀ ਰਿਸਕ ਅਤੇ ਕਾਸਟ ਤੇ ਏਜੰਸੀ ਨੂੰ ਐਲ-2 /ਐਲ-3/ਦੂਸਰੇ ਸਾਧਨਾਂ ਜਾਂ ਆੜਤੀਆਂ ਪਾਸੋ ਸਬੰਧਤ ਟੈਂਡਰਕਾਰ ਦੇ ਪ੍ਰਵਾਨਤ ਰੇਟਾਂ ਤੇ ਕੰਮ ਕਰਵਾਉਣ ਦਾ ਅਧਿਕਾਰ ਹੋਵੇਗਾ।

20. ਸਫਲ ਟੈਂਡਰਕਾਰ ਨੂੰ ਜਮਾਨਤੀ ਰਕਮ ਤਿੰਨ ਦਿਨਾਂ ਦੇ ਅੰਦਰ-ਅਦੰਰ ਸਬੰਧਤ ਏਜੰਸੀ ਦੇ ਮੁੱਖੀ ਦੇ ਨਾਮ ਤੇ ਜਮਾਂ ਕਰਵਾਉਣੀ ਹੋਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਟੈਂਡਰ ਕਮੇਟੀ ਪਾਸ ਉਸ ਤੋ ਅਗਲੇ ਟੈਂਡਰਕਾਰ ਨਾਲ ਪਹਿਲੇ ਟੈਂਡਰਕਾਰ ਵੱਲੋ ਦਰਸਾਏ ਰੇਟ ਤੇ ਕੰਮ ਕਰਨ ਲਈ ਨੈਗੋਸੀਏਸ਼ਨ ਕਰਨ ਉਪਰੰਤ ਕੰਮ ਅਲਾਟ ਕਰਨ ਦਾ ਅਧਿਕਾਰ ਹੋਵੇਗਾ।

21. ਜਿਸ ਸਟੋਰੇਜ਼ ਕੇਂਦਰ ਅਤੇ ਪੀ.ਈ.ਜੀ.ਗੋਦਾਂਮਾ ਵਿਚ ਕੈਜੂਅਲ ਲੇਬਰ ਪਾਸੋ ਲੇਬਰ ਦਾ ਕੰਮ ਕਰਵਾਇਆ ਜਾਂਦਾ ਹੈ ਤਾਂ ਉਸ ਕਰਵਾਏ ਗਏ ਕੰਮ ਦੀ ਪ੍ਰਵਾਨਗੀ ਸਮੇ ਮੁੱਖ ਦਫਤਰ ਨੂੰ ਕੈਜੂਅਲ ਲੇਬਰ ਪਾਸੋ ਕੰਮ ਕਰਵਾਉਣ ਦਾ ਕਾਰਨ ਦੱਸਦੇ ਹੋਏ ਉਸ ਸਟੋਰੇਜ਼ ਕੇਂਦਰ ਅਤੇ ਪੀ.ਈ.ਜੀ.ਗੁਦਾਂਮਾਂ ਦਾ ਟੂ.ਪੇ.ਆਈ.ਸੀ. ਬਿੱਲ, ਪੀ.ਜੀ.-86 ਦੀਆਂ ਤਸਦੀਕ ਸ਼ੁਦਾ ਨਕਲਾਂ ਅਤੇ ਕਰਵਾਏ ਕੰਮ ਦੀ ਡਿਟੇਲ ਸਹਿਤ ਦਸਤਾਵੇਜਭੇਜੇ ਜਾਣਗੇ।

22. (ੳ) ਸਫਲ ਟੈਂਡਰਕਾਰ ਨੂੰ ਉਸ ਵੱਲੋ ਰੱਖੇ ਕਾਮਿਆ ਦੇ ਬਣਦੇ ਈ.ਪੀ.ਐਫ਼ ਦੀ ਕਟੌਤੀ (ਇੰਮਪਲਾਈਜ ਅਤੇ ਇੰਪਲਾਇਰ) ਦੇ ਸ਼ੇਅਰ ਦੀ ਬਣਦੀ ਰਕਮ ਈ.ਪੀ.ਐਫ ਐਕਟ ਅਨੁਸਾਰ ਜਮ੍ਹਾਂ ਕਰਵਾਉਣੀ ਹੋਵੇਗੀ।

(ਅ) ਸਬੰਧਤ ਖਰੀਦ ਏਜੰਸੀ ਦੇ ਜਿਲ੍ਹਾ ਮੈਨੇਜਰ, ਲੇਬਰ ਠੇਕੇਦਾਰਾਂ ਦੁਆਰਾ ਰੱਖੇ ਕਾਮਿਆ ਦੇ ਬਣਦੇ ਈ.ਪੀ.ਐਫ. ਦੀ ਕਟੌਤੀ (ਇੰਮਪਲਾਈਜ ਅਤੇ ਇੰਪਲਾਇਰ) ਦੇ ਸ਼ੇਅਰ ਦੀ ਬਣਦੀ ਰਕਮ, ਮਾਨਯੋਗ ਹਾਈ ਕੋਰਟ ਦੇ ਫੈਸਲੇ ਅਨੁਸਾਰ ਬਤੌਰ ਪ੍ਰਿੰਸੀਪਲ ਇੰਮਪਲਾਈਰ ਹੋਣ ਦੇ ਨਾਤੇ, ਈ.ਪੀ.ਐਫ. ਐਕਟ ਅਨੁਸਾਰ ਈ.ਪੀ.ਐਫ. ਵਿਭਾਗ ਪਾਸ ਜਮਾਂ ਕਰਵਾਉਣ ਦਾ ਜਿੰਮੇਵਾਰ ਹੋਵੇਗਾ।

ੲ) ਹਰੇਕ ਟੈਂਡਰਕਾਰ ਵੱਲੋ ਟੈਡਰ ਪਾਉਣ ਸਮੇ ਆਪਣਾ ਈ-ਮੇਲ ਆਈ.ਡੀ. ਅਤੇ ਮੋਬਾਇਲ ਨੰਬਰ ਦੇਣਾ ਲਾਜਮੀ ਹੋਵੇਗਾ। ਸੀਜਨ ਦੌਰਾਨ ਸਮੇ ਬੱਧ ਖਰੀਦ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਟੈਂਡਰਕਾਰ ਨਾਲ ਜੋ ਵੀ ਪੱਤਰ ਵਿਵਹਾਰ ਈ-ਮੇਲ / ਮੋਬਾਇਲ ਤੇ ਐਸ. ਐਮ.ਐਸ .ਰਾਂਹੀ ਕੀਤਾ ਜਾਵੇਗਾ, ਉਸਨੂੰ ਵੀ ਕਾਨੂੰਨੀ ਤੌਰ ਤੇ ਬਰਾਬਰ ਮਾਨਤਾ ਪ੍ਰਾਪਤ ਹੋਵੇਗੀ, ਕਿਉ ਜੋ ਮੌਜੂਦਾ ਆਧੁਨਿਕ ਯੁੱਗ ਵਿੱਚ ਮਸ਼ੀਨੀ ਪ੍ਰਣਾਲੀ ਹੋਣ ਕਾਰਨ ਹਰ ਰੋਜ ਲੱਖਾਂ ਟਨ ਜਿਨਸ ਦੀ ਆਮਦ ਮੰਡੀਆਂ ਵਿੱਚ ਹੋਣ ਉਪਰੰਤ ਜਿਨਸ ਦੀ ਖਰੀਦ ਅਤੇ ਸਾਂਭ ਸੰਭਾਲ ਦਾ ਕੰਮ ਕਿਸਾਨਾ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸੁਚੱਜੇ ਢੰਗ ਨਾਲ ਸਮੇ ਬੱਧ ਮੁਕੰਮਲ ਕੀਤਾ ਜਾਣਾ ਹੁੰਦਾ ਹੈ।

23. ਖਰੀਦ ਦੌਰਾਂਨ ਲੇਬਰ/ਕਾਰਟੇਜ ਦੇ ਕੰਮ ਸਬੰਧੀ ਜੇਕਰ ਕੋਈ ਅਜਿਹੀ ਸਥਿਤੀ ਸਾਹਮਣੇ ਆਉਂਦੀ ਹੈ ਜਿਸ ਸਬੰਧੀ ਇਸ ਪਾਲਸੀ ਵਿੱਚ ਸਪਸ਼ਟ ਨਾ ਕੀਤਾ ਗਿਆ ਹੋਵੇ ਤਾਂ ਇਸ ਸਬੰਧੀ ਪ੍ਰਵਾਨਗੀ ਡਾਇਰੈਕਟਰ ਖੁਰਾਕ ਤੇ ਸਪਲਾਈਜ ਤੋ ਲੈਣ ਉਪਰੰਤ ਢੁੱਕਵੀ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਸਬੰਧੀ ਲਿਖਤੀ ਰਿਪੋਰਟ ਰਿਕਾਰਡ ਲਈ ਮੁੱਖ ਦਫਤਰ ਭੇਜੀ ਜਾਵੇਗੀ।

24. ਟੈਡਰਕਾਰ, ਕਮੇਟੀ ਜਾਂ ਵਿਭਾਗ ਵਿੱਚ ਜੇਕਰ ਕਿਸੇ ਕਿਸਮ ਦਾ ਡਿਸਪਿਊਟ ਹੁੰਦਾ ਹੈ ਤਾਂ ਉਸਦਾ ਆਰਬੀਟ੍ਰੇਸ਼ਨ ਐਕਟ ਤਹਿਤ ਸਬੰਧਤ ਖਰੀਦ ਏਜੰਸੀ ਦੇ ਮੈਨੇਜਿੰਗ ਡਾਇਰੈਕਟਰ (ਮੁੱਖੀ) ਜਾਂ ਉਹਨਾਂ ਦੇ ਨਾਮਜਦ ਅਧਿਕਾਰੀ(ਆਰਬੀਟਰੇਟਰ) ਦੁਆਰਾ ਜੋ ਫੈਸਲਾ ਕੀਤਾ ਜਾਵੇਗਾ, ਉਹ ਦੋਨਾਂ ਧਿਰਾਂ ਨੂੰ ਮੰਨਣਾ ਪਵੇਗਾ।

25. ਇਹ ਯਕੀਨੀ ਬਣਾਉਣਾ ਹੋਵੇਗਾ ਕਿ ਜੋ ਵੀ ਟੈਂਡਰਕਾਰ ਲੇਬਰ ਦੇ ਕੰਮ ਲਈ ਟੈਂਡਰ ਭਰਨਾ ਚਾਹੁੰਦਾ ਹੈ ਤਾਂ ਉਸ ਪਾਸ ਟੈਂਡਰ ਅਪਲਾਈ ਕਰਨ ਵਾਲੀ ਤਾਰੀਖ ਨੂੰ ਪ੍ਰੋਵੀਡੈਂਟ ਫੰਡ ਕੋਡ

ਨੰਬਰ ਹੋਣਾ ਲਾਜਮੀ ਹੋਵੇਗਾ ਜਾਂ ਉਸਨੂੰ ਇੰਪਲਾਇਜ ਪ੍ਰੋਵੀਡੈਂਟ ਫੰਡ ਅਤੇ ਮਿਸਲਿਨਿਅਸ ਪ੍ਰੋਵੀਜਨਜ ਐਕਟ 1952 ਦੇ ਤਹਿਤ ਅਪਲਾਈ ਕਰਨ ਤੋ ਪਹਿਲਾ ਛੋਟ ਪ੍ਰਾਪਤ ਹੋਈ ਹੋਵੇ। ਛੋਟ ਪ੍ਰਾਪਤ ਹੋਣ ਦੀ ਸੂਰਤ ਵਿੱਚ ਟੈਂਡਰਕਾਰ ਨੂੰ ਉਸ ਪਾਸ ਮੌਜੂਦਾ ਲੇਬਰ/ਮੈਂਬਰਾਂ ਦੀ ਸੂਚੀ ਟੈਂਡਰ ਅਲਾਟਮੈਂਟ ਕਮੇਟੀ ਨੂੰ ਦੇਣੀ ਲਾਜਮੀ ਹੋਵੇਗੀ।

26. ਠੇਕੇਦਾਰ ਨੂੰ ਈ.ਪੀ.ਐਫ. ਨੰਬਰ, ਪੈਨ ਨੰਬਰ ਅਤੇ ਲੇਬਰ ਦੇ ਕੰਮ ਸਬੰਧੀ ਢੁੱਕਵਾਂ ਤਜਰਬਾ ਸਰਟੀਫਿਕੇਟ ਟੈਕਨੀਕਲ ਬਿੱਡ ਵਿਚ ਯੋਗ ਹੋਣ ਲਈ ਅਪਲੋਡ ਕਰਨੇ ਲਾਜਮੀ ਹੋਣਗੇ। ਜਿਹੜੇ ਟੈਂਡਰਕਾਰ ਟੈਕਨੀਕਲ ਬਿੱਡ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ ਕੇਵਲ ਉਨ੍ਹਾਂ ਦੀ ਹੀ ਫਾਈਨੈਸੀਅਲ ਬਿੱਡ ਖੋਲ੍ਹੀ ਜਾਵੇਗੀ।

27. (ੳ) ਸਮੂਹ ਟੈਂਡਰਕਾਰਾਂ ਵੱਲੋ ਟੈਂਡਰਿੰਗ ਈ.-ਟੈਂਡਰਿੰਗ ਰਾਂਹੀ ਕੀਤੀ ਜਾਵੇਗੀ, ਈ-ਟੈਂਡਰਿੰਗ ਕਰਨ ਲਈ ਵਿਭਾਗ ਦੀ ਵੈਬਸਾਈਟ www.foodsuppb.nic.in ਜਾਂ **https://etender.Punjabgovt.gov.in**ਤੇ ਜਾ ਕੇ ਲਾਗ ਆਨ ਕਰਕੇ ਈ-ਟੈਂਡਰਿੰਗ ਕੀਤੀ ਜਾ ਸਕੇਗੀ। ਇਸ ਬਾਰੇ ਵਧੇਰੇ ਜਾਣਕਾਰੀ ਲਈ ਉਪਰੋਕਤ ਵੈਬਸਾਈਟਾਂ ਜਾਂ ਹੈਲਪਲਾਈਨ ਨੰਬਰ 92572-09340, 80546-28821, 0172-3934667 ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਅ) ਈ-ਟੈਂਡਰਿੰਗ ਲਈ ਪਹਿਲਾ ਠੇਕੇਦਾਰ ਨੂੰ ਉਪਰੋਕਤ ਵੈਬਸਾਇਟਾਂ ਤੇ ਰਜਿਸਟਰਡ ਕਰਵਾਉਣਾ ਲਾਜਮੀ ਹੋਵੇਗਾ ਜਿਸ ਲਈ ਉਸ ਪਾਸ ਡਿਜੀਟਲ ਸਿਗਨੇਚਰ ਅਤੇ ਇਨਕਰਪਸ਼ਨ ਸਿਗਨੇਚਰ ਸਰਟੀਫਿਕੇਟ ਹੋਣਾ ਲਾਜਮੀ ਹੋਵੇਗਾ ਅਤੇ ਰਜਿਸਟਰੇਸ਼ਨ ਚਾਰਜਿਜ ਵੱਜੋ ਰੁਪਏ 2000/-+ ਟੈਕਸ ਦੀ ਰਾਸ਼ੀ ਆਨਲਾਈਨ ਪੇਮੈਂਟ ਰਾਂਹੀ ਜਮ੍ਹਾ ਕਰਵਾਉਣੀ ਹੋਵੇਗੀ।

ਵਧੀਕ ਡਾਇਰੈਕਟਰ (ਵਿੱਤ)
ਵਾ: ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਅਨੁਲੱਗ -1(ਉ)

## ਪੀ.ਆਰ. 66 (ਮੰਡੀ ਪ੍ਰੋਫਾਰਮਾ)
## (REVISED WEF 01-04-2016)

50 ਕਿਲੋਗਰਾਮ ਬੋਰੀਆਂ ਦਾ ਲੇਬਰ ਖਰਚਾ ਹੇਠ ਲਿਖੇ ਅਨੁਸਾਰ ਨਿਰਧਾਰਤ ਹੈ ਅਤੇ 50 ਕਿਲੋ ਦੀ ਕਪੈਸਟੀ ਦੀਆਂ ਬੋਰੀਆਂ ਵਿੱਚ 37.5 ਕਿਲੋ ਪੈਡੀ ਦੀ ਭਰਾਈ ਦੇ ਲੇਬਰ ਤੇ ਕਾਰਟੇਜ ਰੇਟ 50 ਕਿਲੋ ਬੋਰੀਆਂ ਦੇ ਨਿਸ਼ਚਿਤ ਕੀਤੇ ਲੇਬਰ ਅਤੇ ਕ਼ਾਰਟੇਜ ਦੇ ਰੇਟਾਂ ਦੇ ਬਰਾਬਰ ਦਿੱਤੇ ਜਾਣ।

| ਲੜੀ ਨੰ: | ਅਦਾਇਗੀ ਯੋਗ ਕੰਮ ਦਾ ਵਿਵਰਣ | 100 ਬੋਰੀਆਂ ਦਾ ਬੇਸਿਕ ਰੇਟ |
|---|---|---|
| 1. | ਖਰੀਦੀ ਜਿਨਸ ਦੀ ਭਰਾਈ ਅਤੇ ਤੁਲਾਈ | ਪੰਜਾਬ ਮੰਡੀ ਬੋਰਡ ਵਲੋਂ ਸਮੇਂ ਸਮੇਂ ਸਿਰ ਨਿਰਧਾਰਤ ਕੀਤੇ ਅਨੁਸਾਰ ਜਿਸ ਵਿੱਚ ਪ੍ਰੀਮੀਅਮ/ਟੈਂਡਰ ਕੱਟ ਨਹੀਂ ਹੋਵੇਗਾ। |
| 2. | ਸਿਲਾਈ (ਹੱਥਾਂ ਨਾਲ) | -ਉਹੀ- |
| 3. | ਮਸ਼ੀਨ ਨਾਲ ਦੋਹਰੀ ਸਿਲਾਈ | ਭਾਰਤ ਸਰਕਾਰ ਵੱਲੋਂ ਜੋ ਰੇਟ ਨਿਸ਼ਚਿਤ ਕੀਤੇ ਜਾਣਗੇ, ਬਿਨਾਂ ਪ੍ਰੀਮੀਅਮ/ਟੈਂਡਰ ਕੱਟ |
| 4. | ਸੁਤਲੀ | ਪੰਜਾਬ ਮੰਡੀ ਬੋਰਡ ਦੀਆਂ ਹਦਾਇਤਾਂ ਮੁਤਾਬਕ |

| | ਵੇਚ ਅਤੇ ਭੇਜ(ਸੇਲਜ਼ ਅਤੇ ਡਿਸਪੈਚ) | ਪ੍ਰਤੀ 100 ਬੋਰੀਆਂ ਦਾ ਰੇਟ(50 ਕਿਲੋ ਅਤੇ 30 ਕਿਲੋ ਕਣਕ ਲਈ) |
|---|---|---|
| 1. | ਬੋਰੀਆਂ ਨੂੰ ਗੁਦਾਮਾਂ ਵਿੱਚੋ ਕੱਢਣਾ, ਜੇਕਰ ਇਸ ਵਿੱਚ ਢੁਆਈ ਅਤੇ ਤੁਲਾਈ ਨਾ ਹੋਵੇ। | 49-00 |
| 2. | ਦੜਾ, ਪਲਟਾਈ ਅਤੇ ਬੋਰੀਆਂ ਨੂੰ ਖੋਲਣ ਸਮੇਤ ਗੁਦਾਮਾਂ ਵਿੱਚੋਂ ਕੱਢਣਾ। | 78-00 |
| 3. | ਬੋਰੀਆਂ ਵਿੱਚ ਦੁਬਾਰਾ ਭਰਾਈ(ਭਰਾਈ, ਸਿਲਾਈ ਅਤੇ ਪਲੇਟਫਾਰਮ ਸਕੇਲ ਤੇ ਤੁਲਾਈ) | 152-00 |
| 4. | ਬੋਰੀਆਂ ਵਿੱਚ ਦੁਬਾਰਾ ਭਰਾਈ (ਭਰਾਈ, ਸਿਲਾਈ ਅਤੇ ਬੀਮ ਸਕੇਲ ਤੇ ਤੁਲਾਈ) | 152-00 |
| 5. | ਸੁਤਲੀ ਅਤੇ ਦੁਬਾਰਾ ਬੋਰੀਆਂ ਦੀ ਭਰਾਈ | 49-00 |
| 6. | ਪਲੇਟਫਾਰਮ ਸਕੇਲ ਨਾਲ ਤੁਲਾਈ ਚਾਰਜੀਜ ਜਦੋਂ ਬੋਰੀਆਂ ਦੀ ਦੁਬਾਰਾ ਭਰਾਈ ਨਾ ਹੋਵੇ (ਸਮੇਤ ਗੁਦਾਮਾਂ ਵਿੱਚ ਕਢਾਈ) | 54-00 |
| 7. | ਬੀਮ ਸਕੇਲ ਨਾਲ ਤੁਲਾਈ ਚਾਰਜੀਜ ਜਦੋਂ ਬੋਰੀਆਂ ਦੀ ਦੁਬਾਰਾ ਭਰਾਈ ਨਾ ਹੋਵੇ (ਸਮੇਤ ਗੁਦਾਮਾਂ ਵਿੱਚ ਕਢਾਈ) | 54-00 |
| 8. | ਹੱਥਾਂ ਨਾਲ ਛਾਣਨਾ | 93-00 |
| 9. | ਘੁੰਮਣ ਵਾਲੀ ਮਸ਼ੀਨ ਨਾਲ ਛਾਣਨਾ | 93-00 |
| 10. | ਸਟੇਸ਼ਨ ਚੌਕੀਦਾਰਾਂ ਪ੍ਰਤੀ ਰਾਤ/ਪ੍ਰਤੀ ਦਿਨ | ਜਿਵੇਂ ਸਬੰਧਤ ਡਿਪਟੀ ਕਮਿਸ਼ਨਰਾ ਵੱਲੋਂ ਨਿਰਧਾਰਤ ਕੀਤਾ ਹੋਵੇ,ਬਿਨਾ ਪ੍ਰੀਮੀਅਮ ਟੈਂਡਰ ਕੱਟ। |
| 11. | ਵੈਗਨਾਂ ਵਿੱਚੋਂ ਉਤਰਾਈ | 49-00 |
| 12. | ਪਲੇਟਫਾਰਮ ਤੋਂ ਵੈਗਨਾਂ ਵਿੱਚ ਭਰਾਈ | 93-00 |
| 13. | ਪਲੇਟਫਾਰਮ ਤੋਂ ਦੂਰ ਵੈਗਨਾਂ ਵਿੱਚ ਭਰਾਈ | 152-00 |
| 14. | ਰੇਲਵੇ ਪਲੇਟਫਾਰਮ ਤੋਂ ਖੁਲੀਆਂ ਵੈਗਨਾਂ ਵਿੱਚ ਭਰਾਈ | 152-00 |
| 15. | ਰੇਲਵੇ ਪਲੇਟਫਾਰਮ ਤੋਂ ਦੂਰ ਖੁਲੀਆਂ ਵੈਗਨਾਂ ਵਿੱਚ ਭਰਾਈ | 208-00 |
| 16. | ਪੂਰਾ ਭਰਾਈ ਬਾਦ ਸਿਲਾਈ ਸਟੈਂਡਰਡ ਵਜਨ ਕਰਕੇ (ਜੋ ਦੁਬਾਰਾ ਬੋਰੀਆਂ ਵਿਚੋਂ ਭਰਾਈ ਦੀ ਲੋੜ ਨਾ ਹੋਵੇ) ਸਮੇਤ ਗੁਦਾਮਾਂ ਵਿੱਚੋਂ ਕੱਢਣ ਤੋਂ ਪਲੇਟਫਾਰਮ ਕੰਡੇ ਤੇ ਰੱਖਣਾ ਅਤੇ ਤੋਲਣਾ | 152-00 |

- ਚਲਦਾ ਪੰਨਾ -

| | |
|---|---|
| 17. ਸਟੈਂਡਰਡਾਈਜੇਸ਼ਨ ਤੋਂ ਬਾਦ ਸਟੈਕਿੰਗ(ਧਾਕ ਲਾਉਣੀ) | 49-00 |
| 18. ਅਸਲ ਤੌਰ ਤੇ ਤੋਲੀਆਂ ਗਈਆਂ ਬੋਰੀਆਂ ਦਾ ਕਾਟਲਾ | 49-00 |
| 19. ਸਪੈਸ਼ਲ ਕਢਾਈ ਉਪਰੰਤ ਸਿਲਾਈ ਸਮੇਤ ਅਸਲ ਤੌਰ ਤੇ ਜਾਂਦੀਆਂ ਬੋਰੀਆਂ ਤੇ ਸੂਤਲੀ ਲਾਉਣਾ | 29-00 |
| 20. ਚੰਗਤਾਈ | 12-00 (ਗੁਦਾਮ ਵਿੱਚ ਸਟੋਰ ਕੀਤੀਆਂ ਬੋਰੀਆਂ ਤੇ) |
| 21. ਸਟੈਂਡਰਡਾਈਜੇਸ਼ਨ ਬਾਦ ਸੂਤਲੀ | 39-00 (ਬਿਨਾ ਪ੍ਰੀਮੀਅਮ ਟੈਂਡਰ ਕੱਟ) |
| 22. ਸਟੇਸ਼ਨ ਤੋਂ ਸਟਾਕ ਭਿਜਵਾਈ ਲਈ ਫੁਟਕਲ ਸੇਵਾਵਾਂ | 25-00 |

ਬਾਰਦਾਨਾ ਚਾਰਜੀਜ (ਪ੍ਰਤੀ ਗੱਠ ਦੇ ਹਿਸਾਬ ਨਾਲ ਜੂਟ ਗੱਠਾਂ ਲਈ))

| | |
|---|---|
| 1. ਬਾਰਦਾਨੇ ਦੀ ਟਰੱਕ ਵਿੱਚ ਲਦਾਈ/ਕਾਰਟੇਜ ਜਦੋਂ ਦੂਜੇ ਕੇਂਦਰਾਂ/ਰਾਜਾਂ ਤੋਂ ਲਿਆਉਣਾ ਹੋਵੇ। | 15-00 |
| 2. ਬਾਰਦਾਨੇ ਦੀ ਟਰੱਕ/ਗੱਡੀ/ਵੈਗਨ ਵਿੱਚੋ ਉਤਰਾਈ ਜਦੋਂ ਦੂਜੇ ਕੇਂਦਰਾਂ/ਰਾਜਾਂ ਤੋਂ ਲਿਆਉਣਾ ਹੋਵੇ। | 15-00 |
| 3. ਗੁਦਾਮਾਂ ਵਿੱਚ ਬਾਰਦਾਨੇ ਦੀ ਸਟੈਕਿੰਗ | 15-00 |
| 4. ਗੁਦਾਮਾਂ ਵਿੱਚੋ ਬਾਰਦਾਨਾ ਕੱਢਣਾ | 15-00 |
| 5. ਬੋਰੀਆਂ ਦੀਆਂ ਗੱਠਾਂ ਤੇ ਕਾਰਟੇਜ ਚਾਰਜੀਜ . | 09-60 (ਇਕ ਰੁਪਏ ਪ੍ਰਤੀ ਗੱਠ ਇਕ ਕਿਲੋਮੀਟਰ ਤੋਂ ਉਤੇ ਹਰ ਪ੍ਰਤੀ ਕਿਲੋਮੀਟਰ ਦੀ ਦੂਰੀ ਲਈ) |

ਬਾਰਦਾਨਾ ਚਾਰਜੀਜ (ਪ੍ਰਤੀ ਗੱਠ ਦੇ ਹਿਸਾਬ ਨਾਲ ਪਲਾਸਟਿਕ ਗੱਠਾਂ ਲਈ)

| | |
|---|---|
| 6. ਬਾਰਦਾਨੇ ਦੇ ਟਰੱਕ ਵਿੱਚ ਲਦਾਈ/ਕਾਰਟੇਜ ਜਦੋਂ ਦੂਜੇ ਕੇਂਦਰਾਂ/ਰਾਜਾਂ ਤੋਂ ਲਿਆਉਣਾ ਹੋਵੇ। | 06-00 |
| 7. ਬਾਰਦਾਨੇ ਦੇ ਟਰੱਕ ਗੱਡੀ ਵੈਗਨ ਵਿੱਚੋ ਉਤਰਾਈ ਜਦੋਂ ਕੇਂਦਰਾਂ/ਰਾਜਾਂ ਤੋਂ ਲਿਆਉਣਾ ਹੋਵੇ। | 06-00 |
| 8. ਗੁਦਾਮਾਂ ਵਿੱਚ ਬਾਰਦਾਨੇ ਦੀ ਸਟੈਕਿੰਗ | 06-00 |
| 9. ਗੁਦਾਮਾਂ ਵਿੱਚੋ ਬਾਰਦਾਨਾ ਕੱਢਣਾ | 06-00 |
| 10. ਬੋਰੀਆਂ ਦੀਆਂ ਗੱਠਾਂ ਤੇ ਕਾਰਟੇਜ ਚਾਰਜੀਜ | 03-20 (30 ਪੈਸੇ ਪ੍ਰਤੀ ਗੱਠ ਇਕ ਕਿਲੋਮੀਟਰ ਤੋਂ ਉਤੇ ਹਰ ਪ੍ਰਤੀ ਕਿਲੋਮੀਟਰ ਦੀ ਦੂਰੀ ਲਈ) |

ਜਨਰਲ ਚਾਰਜੀਜ

| | |
|---|---|
| 1. ਬੋਰੀਆਂ ਨੂੰ ਬਦਲਣਾ(ਬੋਰੀਆਂ ਨੂੰ ਠੀਕ ਕਰਨਾ, ਸਮੇਤ ਦੂਜੀਆਂ ਬੋਰੀਆਂ ਵਿੱਚੋ ਪਲਟਾਈ,ਬੋਰੀਆਂ ਦੀ ਖੁਲਾਈ ਸਿਲਾਈ ਅਤੇ ਵਜਨ ਕਰਨਾ) | 183-00 |
| 2. ਗੁਦਾਮਾਂ ਦੀ ਮਹੀਨਾਵਾਰ ਸਫਾਈ | |
| ੳ) 500 ਜਾਂ ਉਸ ਤੋਂ ਘੱਟ ਬੋਰੀਆਂ ਦੇ ਗੁਦਾਮ ਲਈ | 7-00 |
| ਅ) 500 ਬੋਰੀਆਂ ਤੋਂ ਉਤੇ 1000 ਬੋਰੀਆਂ ਤੋਂ ਘੱਟ ਦੇ | 11-00 |
| ੲ) 1000 ਬੋਰੀਆਂ ਤੋਂ ਉਤੇ ਦੇ ਗੁਦਾਮ ਲਈ | 15-00 |
| 3. ਟਰੱਕਾਂ/ਗੱਡੀਆਂ ਵਿੱਚ ਲਦਾਈ (ਗੁਦਾਮਾਂ ਵਿੱਚੋਂ ਜਾ ਸਟੇਸ਼ਨ/ਮੰਡੀ ਵਿੱਚੋ ਬਾਹਰ ਕੱਢਣ ਸਮੇਤ) | 152-00 (ਪ੍ਰਤੀ 100 ਬੋਰੀ) |
| 4. ਟਰੱਕਾਂ,ਗੱਡੀਆਂ ਵਿੱਚੋ ਉਤਰਾਈ ਅਤੇ ਗੁਦਾਮਾਂ ਜਾ ਰੇਲਵੇ ਪਲੇਟਫਾਰਮਾਂ ਤੋਂ ਖੁੱਲੇ ਚੱਕਿਆਂ ਵਿੱਚ ਲਗਾਉਣ ਸਮੇਤ | |
| 5(ਪੰਜ) ਸਟੈਕਾਂ ਤੱਕ | 152-00(ਪ੍ਰਤੀ 100 ਬੋਰੀ) |
| 5(ਪੰਜ) ਸਟੈਕਾਂ ਤੋਂ ਉਤੇ | 183-00(ਪ੍ਰਤੀ 100 ਬੋਰੀ) |

-ਚਲਦਾ ਪੰਨਾ-

5. ਬੋਰੀਆਂ ਤੇ ਮਾਰਕਾ ਲਾਉਣ ਸਮੇਤ ਰੰਗ ਦਾ ਖਰਚਾ — 30-00(ਪ੍ਰਤੀ 100 ਬੋਰੀ)
6. ਗੁਦਾਮਾਂ ਵਿੱਚੋਂ ਬੋਰੀਆਂ ਕੱਢਣਾ, ਪਲੇਟਫਾਰਮ/ਬੀਮ ਸਕੇਲ ਤੇ ਤੋਲਣਾ ਅਤੇ ਸਟਾਕ ਦੀ ਵਾਸਤਵਿਕ ਪੜਤਾਲ ਤੋਂ ਬਾਅਦ ਗੁਦਾਮਾਂ ਦੀ ਸਟੀਕਿੰਗ ਕਰਨਾ — 152-00
7. ਦਵਾਈ ਛਿੜਕਾਉਣ ਸਮੇਤ ਗੁਦਾਮਾਂ ਦੇ ਦਰਵਾਜੇ ਖੋਲਣਾ ਅਤੇ ਬੰਦ ਕਰਨਾ ਆਦਿ — 11-00 (ਦਰਵਾਜਾ)
ਸਮੇਤ ਸਮੱਗਰੀ ਦਾ ਖਰਚਾ ਜਿਵੇਂ ਮਿੱਟੀ,ਗਾਰਾ, ਗੋਬਰ ਅਤੇ ਪੂਸਾ ਆਦਿ — 7-00 (ਖਿੜਕੀ) ਤੇ (ਰੋਸ਼ਨਦਾਨ)

ਬਿਨ/ਖਤਿਆ ਲਈ

1. ਬੋਰੀਆਂ ਜਮੀਨ ਤੋਂ ਬਿਨਾਂ/ਖਤਿਆ ਤੇ ਸਿਰੇ ਤੱਕ ਲੈ ਕੇ ਜਾਣਾ ਅਤੇ ਮੇਨ ਹੋਲ ਵਿੱਚ ਉਹਨਾਂ ਦੀ ਪਲਟਾਈ — 407-00 (ਬਿਨਾਂ ਲਈ) 345-00(ਖਤਿਆਂ ਲਈ)
2. ਖਤਿਆਂ ਤੋਂ ਅਨਾਜ ਕੱਢਣਾ — 159-00
3. ਬਿਨਾਂ ਤੋਂ ਸਟਾਕ ਖਾਲੀ ਕਰਨਾ, ਉਸਦੀ ਭਰਾਈ ਵਜਨ ਕਰਨਾ ਤੇ ਬੋਰੀਆਂ ਦੀ ਸਿਲਾਈ — 138-00

ਫੁਟਕੱਲ

1. ਅਨਾਜ ਤੇ ਸਟੈਕਾਂ ਉੱਤੇ ਗੈਸ ਪਰੂਫ ਕਵਰ ਪੋਲੀਥੀਨ ਕਵਰ ਤਰਪਾਲਾਂ ਫੈਲਾਉਣਾ — 39-00 (ਪ੍ਰਤੀ ਫਲੈਟ ਰੇਟ)
2. ਖੁੱਲੀਆਂ ਵੈਗਨਾਂ ਤੇ ਤਰਪਾਲਾਂ ਫੈਲਾਉਣਾ — 44-00
3. ਅਨਾਜਾਂ ਦੇ ਸਟੈਕਾਂ ਤੇ ਗੈਸ ਪਰੂਫ/ਕਵਰ/ਪੋਲੀਥੀਨ ਤਰਪਾਲਾਂ ਹਟਾਉਣਾ — 39-00
4. ਪੋਲੀਥੀਨ ਕਵਰ ਤਰਪਾਲਾਂ ਦੀ ਲਦਾਈ — 189-00 (ਪ੍ਰਤੀ 100 ਬੋਰੀ)
5. ਪੋਲੀਥੀਨ ਕਵਰ ਤਰਪਾਲਾਂ ਦੀ ਉਤਰਾਈ ਅਤੇ ਓਹਨਾਂ ਦੀ ਸਟੈਕਿੰਗ — 189-00(ਪ੍ਰਤੀ 100 ਬੋਰੀ)
6. ਪੋਲੀਥੀਨ ਕਵਰ ਤਰਪਾਲਾਂ ਦੀ ਢੁਆਈ(ਭਰੀਆਂ ਹੋਈਆਂ ਬੋਰੀਆਂ ਅਨੁਸਾਰ) — 189-00
7. ਖੁੱਲੇ ਵਿੱਚ ਸਟੈਕ ਕੀਤੇ ਅਨਾਜ ਦੀ ਦਵਾਈ ਛਿੜਕਾਉਣ ਦਾ ਖਰਚਾ — 22-00 (ਪ੍ਰਤੀ ਸਟੈਕ)
8. ਸਟੈਕਾਂ ਨੂੰ ਤੋੜਨਾ, ਸਟੈਕ ਵਿੱਚੋਂ ਬੋਰੀਆਂ ਕੱਢਣਾ ਅਤੇ ਉਸ ਗੋਦਾਮ ਵਿੱਚ ਦੂਜੇ ਸਟੈਕਾ ਤੋਂ ਉਨਾਂ ਨੂੰ ਦੁਬਾਰਾ ਸਟੈਕ ਕਰਨਾ — 159-00 (ਪ੍ਰਤੀ 100 ਬੋਰੀ)
9. ਸਟੈਕ ਲਗਾਉਣ ਲਈ ਲਕੜੀ ਦੇ ਕਰੇਟਾਂ ਦਾ ਵਿਛਾਉਣਾ — 78-00 (ਪ੍ਰਤੀ 100 ਕਰੇਟ)
10. ਅਨਾਜ ਦੀ ਭੇਜ ਸਮੇਂ ਲਕੜੀ ਦੇ ਕਰੇਟਾਂ ਨੂੰ ਇਕੱਠਾ ਕਰਨਾ ਅਤੇ ਉਨਾਂ ਨੂੰ ਤਰਤੀਬ ਵਾਰ ਰੱਖਣਾ — 78-00

ਨੋਟ:- ਨੋਟ ਦੇ ਹੇਠਾਂ ਲਿਖੇ ਪੇਰਾ (ੳ) ਅਤੇ (ਅ) 50 ਕਿਲੋ ਕਣਕ ਦੀਆਂ ਬੋਰੀਆਂ ਲਈ ਹਨ:-

(ੳ): ਕਰੇਟਾਂ ਅਤੇ ਪੋਲੀਥੀਨ ਕਵਰਾਂ/ ਤਰਪਾਲਾਂ ਦੀ ਸੰਭਾਲ ਢੁਆਈ ਲਈ ਉਹ ਰੇਟ ਲਾਗੂ ਹੋਣਗੇ ਜੋ ਕਣਕ ਦੀਆਂ ਬੋਰੀਆਂ ਲਈ ਮੰਡੀ ਪ੍ਰਫਾਰਮੇ ਵਿੱਚ ਲਾਗੂ ਹਨ, ਜਿਵੇਂ ਪੋਲੀਥੀਨ ਕਵਰ, ਤਰਪਾਲਾਂ ਅਤੇ ਕਰੇਟ ਇਕ ਭਰੀ ਹੋਈ ਬੋਰੀ ਬਰਾਬਰ ਮਜਦੂਰੀ ਦੇ ਠੇਕੇਦਾਰਾਂ ਨੂੰ ਪੋਲੀਥੀਨ ਕਵਰ ਜਾਂ ਗੈਸ ਪਰੂਫ ਕਵਰਾਂ ਦੀ ਸੰਭਾਲ ਲਈ ਅਦਾਇਗੀ ਮੁੱਖ ਦਫਤਰ ਦੇ ਪੱਤਰ ਨੰ: ਪੀ.ਆਰ.ਏ.ਬੀ.ਜੀ- 1(37)-89/6471, ਮਿਤੀ 22-02-1989 (ਸਰਕੂਲਰ ਨੰ 37) ਅਤੇ ਨੰ: 40100 ਮਿਤੀ 08-11-89 ((ਸਰਕੂਲਰ ਨੰ 72) ਅਨੁਸਾਰ ਕੀਤੀ ਜਾਵੇਗੀ।
ਮੰਡੀ ਪ੍ਰਫਾਰਮੇ ਵਿੱਚ ਵੱਖ ਵੱਖ ਮੱਦਾਂ ਦੀ ਅਦਾਇਗੀ ਦੇ ਚਾਰਜਜ ਨੂੰ ਜਿਲ੍ਹਾ ਅਧਿਕਾਰੀਆਂ ਵੱਲੋਂ ਰਲਾਇਆ/ ਮਿਲਾਇਆ ਨਹੀਂ ਜਾਵੇਗਾ। ਇੰਨਸੀਡੇਂਟਲ ਚਾਰਜ ਦੇ ਬਿਲਾਂ ਰਾਹੀਂ ਕੀਤੀ ਜਾਣ ਵਾਲੀ ਅਦਾਇਗੀ ਆਈਟਮ ਵਾਈਜ ਕੀਤੀ ਜਾਵਗੀ ਅਤੇ ਇਨਾਂ ਨੂੰ ਮੁੱਖ ਦਫਤਰ ਦੀ ਸਪਸ਼ਟ ਮੰਜੂਰੀ ਤੋਂ ਬਿਨਾਂ ਅਦਾਇਗੀਆਂ ਕਰਨ ਲਈ ਇਕੱਠਾ ਨਹੀਂ ਕੀਤਾ ਜਾਵੇਗਾ।

(ਅ): ਜਿਥੇ ਰੇਲਵੇ ਸਟੇਸ਼ਨ ਤੋਂ ਸਿੱਧੇ ਤੌਰ ਤੇ ਲਦਾਈ ਕੀਤੀ ਜਾਵੇ, ਉਥੇ ਟਰੱਕਾਂ/ ਗੱਡੀਆਂ/ ਟਰਾਲੀਆਂ ਤੋਂ ਉਤਰਾਈ ਅਤੇ ਰੇਲਵੇ ਪਲੇਟਫਾਰਮਾਂ ਤੇ ਸਟੈਕਿੰਗ ਦੇ ਉਪਰੇਸ਼ਨ ਵਿੱਚ 50 ਕਿਲੋ ਲਈ 0-10 ਪੈਸੇ ਪ੍ਰਤੀ ਬੋਰੀ ਕਟੌਤੀ ਕੀਤੀ ਜਾਵੇਗੀ।

— ਚਲਦਾ ਪੰਨਾ —

ਕਾਰਟੇਜ ਚਾਰਜਿਜ

| ਲੜੀ ਨੰ: | ਸਲੈਬ ਨੰ: | ਸਲੈਬ ਅਧੀਨ ਫਾਸਲਾ | 50 ਕਿਲੋ ਕਣਕ ਦੀ ਬੋਰੀ ਲਈ | 30 ਕਿਲੋ ਕਣਕ ਦੀ ਬੋਰੀ ਲਈ |
|---|---|---|---|---|
| 1. | ਸਲੈਬ ਨੰ:1 | 0 ਕਿਲੋਮੀਟਰ ਤੋਂ 3 ਕਿਲੋਮੀਟਰ ਤੱਕ | 2 ਰੁਪਏ 77 ਪੈਸੇ | 1 ਰੁਪਏ 66 ਪੈਸੇ |
| 2. | ਸਲੈਬ ਨੰ:2 | 3.1 ਕਿਲੋਮੀਟਰ ਤੋਂ 5 ਕਿਲੋਮੀਟਰ ਤੱਕ | 3 ਰੁਪਏ 92 ਪੈਸੇ | 2 ਰੁਪਏ 35 ਪੈਸੇ |
| 3. | ਸਲੈਬ ਨੰ:3 | 5.1 ਕਿਲੋਮੀਟਰ ਤੋਂ 8 ਕਿਲੋਮੀਟਰ ਤੱਕ | 5 ਰੁਪਏ 12 ਪੈਸੇ | 3 ਰੁਪਏ 07 ਪੈਸੇ |

ਪਿੱਠ ਅੰਕਣ ਨੰ:ਐਸ.ਏ(ਬ/ਫ)-ਬੀ.ਜੀ.1-2016/੫੧੫ ਮਿੱਤੀ,ਚੰਡੀਗੜ:10-03-2016.
ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਨਦੀ ਕਾਰਵਾਈ ਹਿੱ ਭੇਜਿਆ ਜਾਂਦਾ ਹੈ:-

1. ਸਮੂਹ ਡਿਪਟੀ ਡਾਇਰੈਕਟਰ (ਫੀਲਡ) ਪੰਜਾਬ ਰਾਜ ਵਿੱਚ।
2. ਜਨਰਲ ਮੈਨੇਜਰ ਭਾਰਤੀ ਖੁਰਾਕ ਨਿਗਮ ਪੰਜਾਬ ਰੀਜਨ, ਚੰਡੀਗੜ।
3. ਮੈਨੇਜਿੰਗ ਡਾਇਰੈਕਟਰ ਮਾਰਕਫੈਡ, ਪਨਸਪ, ਪੰਜਾਬ ਸਟੇਟ ਵੇਅਰ-ਹਾਊਸ ਅਤੇ ਪੰਜਾਬ ਐਗਰੋ ਫੂਡ ਕਾਰਪੋਰੇਸ਼ਨ।
4. ਉਪਰੋਕਤ ਕਮੇਟੀ ਦੇ ਸਮੂਹ ਮੈਂਬਰ।
5. ਡਿਪਟੀ ਡਾਇਰੈਕਟਰ ਕੰਪਿਊਟਰ ਸ਼ਾਖਾ, ਮੁੱਖ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਰੀਵਾਈਜਡ ਮੰਡੀ ਪ੍ਰੋਫਾਰਮੇਂ ਨੂੰ ਬਿਭਾਗ ਦੀ ਵੈਬਸਾਈਟ ਤੇ ਅਪਲੋੜ ਕੀਤਾ ਜਾਵੇ।

ਡਾਇਰੈਕਟਰ, ਖੁਰਾਕ ਸਿਵਲ ਸਪਲਾਈ ਤੇ
ਖਪਤਕਾਰ ਮਾਮਲੇ ਵਿਭਾਗ, ਚੰਡੀਗੜ।

## ਤਜਰਬਾ ਸਰਟੀਫਿਕੇਟ

(ਅਨੁਲੱਗ-ਅ)

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਮੈਸ:______________ ਵੱਲੋਂ ਸਾਡੀ ਅਜੰਸੀ/ਸੰਸਥਾ ਵਿੱਚ ਬਤੌਰ ਫੂਡਗਰੇਨਜ਼ ਲੇਬਰ ਜਾਂ ਲੇਬਰ ਅਤੇ ਕਾਰਟੇਜ ਠੇਕੇਦਾਰ ਕੰਮ ਕੀਤਾ ਹੈ,ਜਿਸ ਦਾ ਵਿਵਰਣ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਠੇਕੇ ਦਾ ਸਮਾਂ | ਠੇਕੇ ਦੀ ਕਿਸਮ | ਠੇਕੇ ਅਧੀਨ ਕੀਤੇ ਕੰਮ ਦੀ ਕੁੱਲ ਰਾਸ਼ੀ | ਠੇਕੇ ਦੌਰਾਨ ਕੀਤੇ ਗਏ ਕੰਮਾਂ ਦਾ ਵਿਵਰਣ |
|---|---|---|---|---|
| | | | | |
| | | | | |
| | | | | |
| | | | | |

ਸ੍ਰੀ/ਮੈਸ:____________________________ਦੀ ਉਪਰੋਕਤ ਦਰਸਾਏ ਸਮੇਂ ਦੇ ਠੇਕੇ ਦੌਰਾਨ ਕਾਰਜ਼ਪ੍ਰਣਾਲੀ ਅਤਿ ਉੱਤਮ/ਬਹੁੱਤ ਅੱਛੀ/ਅੱਛੀ/ਸੰਤੋਸ਼ਜਨਕ ਸੀ (ਜੋ ਸਹੀ ਹੈ, ਉਸਨੂੰ ਟਿੱਕ ਕੀਤਾ ਜਾਵੇ)।

ਇਹ ਸਰਟੀਫਿਕੇਟ ਮਿਤੀ____________ ਸਥਾਨ________________ਨੂੰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ।

ਹਸਤਾਖਰ_______________

ਨਾਂ _______________

ਅਹੁਦਾ _______________

ਮੋਹਰ _______________